I/107353/2020

ਪੰਜਾਬ ਸਰਕਾਰ, ਵਿੱਤ ਵਿਭਾਗ

(ਸਥਾਨਕ ਫੰਡ ਲੇਖਾ)

ਵਿੱਤ ਤੇ ਯੋਜਨਾ ਭਵਨ, (ਤੀਜੀ ਮੰਜਿਲ), ਸੈਕਟਰ 33-ਏ, ਚੰਡੀਗੜ੍ਹ।

ਹੁਕਮ:

ਸਰਕਾਰ ਵੱਲੋਂ ਰਾਜ ਦੀਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ, ਲੁਧਿਆਣਾ, ਨਗਰ ਕੌਂਸਲ, ਖੰਨਾ/ਨੰਗਲ, ਨਗਰ ਸੁਧਾਰ ਟਰੱਸਟ, ਲੁਧਿਆਣਾ/ਖੰਨਾ, ਨਗਰ ਨਿਗਮ, ਜਲੰਧਰ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਵਿੱਚ ਇਨ੍ਹਾਂ ਸੰਸਥਾਵਾਂ ਦੇ ਮੁਖੀਆਂ ਵੱਲੋਂ ਕੀਤੀ ਬੇਨਤੀ ਨੂੰ ਵਿਚਾਰਦੇ ਹੋਏ ਇਹਨਾਂ ਸਕੀਮਾਂ ਵਿੱਚ ਮਹੱਤਵਪੂਰਨ ਖਰਚਿਆਂ ਭਾਵ ਸੇਵਾ-ਨਿਵਿਰਤੀ ਲਾਭ, ਏ.ਸੀ.ਪੀ./ ਸਟੈਪ-ਅਪ/ਪਦ-ਉਨਤੀ, ਪ੍ਰਜੈਕਟ/ਮੈਨਟੇਨੈਂਸ/ਵਿਕਾਸ ਨਾਲ ਸਬੰਧਤ ਕੰਮ ਮੁੜ ਤੋਂ ਪ੍ਰੀ-ਆਡਿਟ ਪ੍ਰਣਾਲੀ ਨਾਲ ਕਰਨਾ ਬਹਾਲ ਕੀਤਾ ਜਾਂਦਾ ਹੈ।

ਉਪਰੋਕਤ ਫੈਸਲੇ ਦੇ ਮੱਦੇ ਨਜ਼ਰ ਲੋਕਲ ਆਡਿਟ ਵਿੰਗ ਅਧੀਨ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਹੇਠ ਅਨੁਸਾਰ ਤੈਨਾਤੀ/ਅਡਜਸਟਮੈਂਟ ਅਤੇ ਆਪਣੇ ਕੰਮ ਤੋਂ ਇਲਾਵਾ ਹੋਰ ਵਾਧੂ ਚਾਰਜ ਬਿਨਾ ਕਿਸੇ ਵਾਧੂ ਮਾਨ ਭੱਤੇ ਤੇ ਦਿੰਦੇ ਹੋਏ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਗਰਾਮ ਪੰਚਾਇਤਾ ਦੇ ਆਡਿਟ ਦੇ ਕੰਮ ਵਿੱਚ ਕੋਈ ਵੀ ਢਿੱਲ ਨਾ ਵਰਤੀ ਜਾਵੇ।

| ਲੜੀ ਨੰ: | ਅਧਿਕਾਰੀ/ਕਰਮਚਾਰੀ ਦਾ ਨਾਮ ਸਰਵ ਸ੍ਰੀ/ਸ੍ਰੀਮਤੀ | ਕਿਥੇ | | ਕਿਥੇ | | ਵਿਸ਼ੇਸ਼ ਕਥਨ |
|---|---|---|---|---|---|---|
| | | ਮੌਜੂਦਾ ਤੈਨਾਤੀ | ਵਾਧੂ ਚਾਰਜ | ਹੁਣ ਤੈਨਾਤੀ | ਹੁਣ ਵਾਧੂ ਚਾਰਜ | |
| 1. | ਸ੍ਰੀ ਅਮਨ ਕੁਮਾਰ ਸੇਠੀ , ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) | ਅੰਦਰੂਨੀ ਪੜਤਾਲ ਸੰਸਥਾ (ਮਾਲ) ਅੰਮ੍ਰਿਤਸਰ | ਰਿਜਨਲ ਡਿਪਟੀ ਡਾਇਰੈਕਟਰ (ਲੋਕਲ ਆਡਿਟ), ਨਗਰ ਸੁਧਾਰ ਟਰੱਸਟ ਅਤੇ ਸੀਵਰੇਜ ਸਰਕਲ, ਅੰਮ੍ਰਿਤਸਰ। | ਅੰਦਰੂਨੀ ਪੜਤਾਲ ਸੰਸਥਾ (ਮਾਲ) ਅੰਮ੍ਰਿਤਸਰ | ਰਿਜਨਲ ਡਿਪਟੀ ਡਾਇਰੈਕਟਰ (ਲੋਕਲ ਆਡਿਟ), ਅੰਮ੍ਰਿਤਸਰ, ਸੀਵਰੇਜ ਸਰਕਲ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ | ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ ਦਾ ਵਾਧੂ ਚਾਰਜ ਵਾਪਸ ਲੈ ਕੇ ਲੜੀ ਨੰ: 6 ਨੂੰ ਦਿਤਾ ਜਾਂਦਾ ਹੈ। |
| 2. | ਸ੍ਰੀ ਹਰਜੀਤ ਸਿੰਘ , ਡੀ.ਈ.ਐਚ.ਸੀ. | ਅੰਦਰੂਨੀ ਪੜਤਾਲ ਸੰਸਥਾ (ਮਾਲ), ਰੂਪਨਗਰ | | ਅੰਦਰੂਨੀ ਪੜਤਾਲ ਸੰਸਥਾ (ਮਾਲ), ਰੂਪਨਗਰ | ਪੰਜਾਬੀ ਯੂਨੀਵਰਸਿਟੀ , ਪਟਿਆਲਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ | |
| 3. | ਸ੍ਰੀ ਨਰੇਸ਼ ਕੁਮਾਰ , ਡਿਪਟੀ ਕੰਟਰੋਲਰ | ਰਿਜਨਲ ਡਿਪਟੀ ਡਾਇਰੈਕਟਰ (ਲੋਕਲ ਆਡਿਟ), ਲੁਧਿਆਣਾ | ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ | ਰਿਜਨਲ ਡਿਪਟੀ ਡਾਇਰੈਕਟਰ (ਲੋਕਲ ਆਡਿਟ), ਲੁਧਿਆਣਾ | ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ,ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ , ਲੁਧਿਆਣਾ ਅਤੇ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਹਲਕਾ, ਲੁਧਿਆਣਾ | ਪੰਜਾਬ ਜਲ ਸਪਲਾਈ ਅਤੇ ਸੀਵਰੇਜ ਹਲਕਾ ਲੁਧਿਆਣਾ ਦਾ ਕੰਮ ਲੜੀ ਨੰ 5 ਤੋਂ ਵਾਪਸ ਲੈ ਕੇ ਦਿਤਾ ਜਾਂਦਾ ਹੈ। |
| 4. | ਸ੍ਰੀ ਕਰਨ ਸਿੰਘ , ਡਿਪਟੀ ਕੰਟਰੋਲਰ | ਰਿਜਨਲ ਡਿਪਟੀ ਡਾਇਰੈਕਟਰ (ਲੋਕਲ ਆਡਿਟ), ਜਲੰਧਰ | ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ, ਚੰਡੀਗੜ੍ਹ ਅਤੇ ਸੀਵਰੇਜ ਸਰਕਲ, ਜਲੰਧਰ | ਰਿਜਨਲ ਡਿਪਟੀ ਡਾਇਰੈਕਟਰ (ਲੋਕਲ ਆਡਿਟ), ਜਲੰਧਰ | ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ, ਚੰਡੀਗੜ੍ਹ ਅਤੇ ਸੀਵਰੇਜ ਸਰਕਲ, ਜਲੰਧਰ, ਨਗਰ ਨਿਗਮ , ਜਲੰਧਰ ਅਤੇ ਨਗਰ ਕੌਂਸਲ, ਨੰਗਲ | |
| 5. | ਸ੍ਰੀ ਰਜਨੀਸ਼ ਕੁਮਾਰ , ਸਹਾਇਕ ਕੰਟਰੋਲਰ | ਪੰਜਾਬ ਜਲ ਸਪਲਾਈ ਅਤੇ ਸੀਵਰੇਜ ਹਲਕਾ , ਲੁਧਿਆਣਾ | ਰਿਜਨ ਪਟਿਆਲਾ | ਨਗਰ ਸੁਧਾਰ ਟਰਸਟ, ਲੁਧਿਆਣਾ | ਨਗਰ ਸੁਧਾਰ ਟਰੱਸਟ /ਨਗਰ ਕੌਂਸਲ, ਖੰਨਾ | ਪੰਜਾਬ ਜਲ ਸਪਲਾਈ ਅਤੇ ਸੀਵਰੇਜ ਹਲਕਾ ਲੁਧਿਆਣਾ ਦਾ ਕੰਮ ਵਾਪਸ ਲੈ ਕੇ ਲੜੀ ਨੰ: 3 ਨੂੰ ਦਿਤਾ ਜਾਂਦਾ ਹੈ। |
| 6. | ਸ੍ਰੀ ਸ਼ਿਵ ਕੁਮਾਰ, ਏ.ਸੀ.ਐਫ.ਏ | ਅੰਦਰੂਨੀ ਪੜਤਾਲ ਸੰਸਥਾ (ਮਾਲ), ਅੰਮ੍ਰਿਤਸਰ | | ਅੰਦਰੂਨੀ ਪੜਤਾਲ ਸੰਸਥਾ (ਮਾਲ), ਅੰਮ੍ਰਿਤਸਰ | ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ | ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ ਦਾ ਕੰਮ ਲੜੀ ਨੰ 1 ਤੋਂ ਵਾਪਸ ਲੈ ਕੇ ਦਿਤਾ ਜਾਂਦਾ ਹੈ। |
| 7. | ਸ੍ਰੀਮਤੀ ਜਯੋਤੀ ਸ਼ਰਮਾ , ਸੈਕਸ਼ਨ ਅਫਸਰ | ਪਟਿਆਲਾ ਸਰਕਲ | | ਪਟਿਆਲਾ ਸਰਕਲ | ਨਗਰ ਨਿਗਮ , ਲੁਧਿਆਣਾ | |
| 8. | ਸ੍ਰੀ ਹਰਵਿੰਦਰ ਸਿੰਘ , ਜੂਨੀਅਰ ਆਡੀਟਰ | ਪਟਿਆਲਾ ਰਿਜਨ (ਪੰਚਾਇਤ ਆਡੀਟਰ) | | ਪਟਿਆਲਾ ਰਿਜਨ (ਪੰਚਾਇਤ ਆਡੀਟਰ) | ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ (ਹਫਤੇ ਵਿੱਚ ਇੱਕ ਦਿਨ) | |

| | | | | | | |
|---|---|---|---|---|---|---|
| 9. | ਸ੍ਰੀਮਤੀ ਵਰਿੰਦਰ ਪਾਲ ਕੌਰ , ਜੂਨੀਅਰ ਆਡੀਟਰ | ਪਟਿਆਲਾ ਰਿਜਨ (ਪੰਚਾਇਤ ਆਡੀਟਰ) | | ਮੁੱਖ ਦਫਤਰ, ਚੰਡੀਗੜ੍ਹ (ਹਫਤੇ ਵਿੱਚ ਇੱਕ ਦਿਨ) | ਪਟਿਆਲਾ ਰਿਜਨ (ਪੰਚਾਇਤ ਆਡੀਟਰ) | |
| 10. | ਸ੍ਰੀ ਕੇਸਰ ਸਿੰਘ , ਜੂਨੀਅਰ ਆਡੀਟਰ | ਪਟਿਆਲਾ ਰਿਜਨ (ਪੰਚਾਇਤ ਆਡੀਟਰ) | | ਪਟਿਆਲਾ ਰਿਜਨ (ਪੰਚਾਇਤ ਆਡੀਟਰ) | ਪੰਜਾਬੀ ਯੂਨੀਵਰਸਿਟੀ , ਪਟਿਆਲਾ (ਹਫਤੇ ਵਿੱਚ ਇੱਕ ਦਿਨ) | |
| 11. | ਸ੍ਰੀ ਕੁਲਦੀਪ ਸਿੰਘ , ਜੂਨੀਅਰ ਆਡੀਟਰ | ਲੁਧਿਆਣਾ ਰਿਜਨ (ਪੰਚਾਇਤ ਆਡੀਟਰ) | | ਲੁਧਿਆਣਾ ਰਿਜਨ (ਪੰਚਾਇਤ ਆਡੀਟਰ) | ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ , ਲੁਧਿਆਣਾ (ਹਫਤੇ ਵਿੱਚ ਇੱਕ ਦਿਨ) | |
| 12. | ਸ੍ਰੀ ਕੇਹਰ ਸਿੰਘ , ਜੂਨੀਅਰ ਆਡੀਟਰ | ਜਲੰਧਰ ਰਿਜਨ (ਪੰਚਾਇਤ ਆਡੀਟਰ) | | ਜਲੰਧਰ ਰਿਜਨ (ਪੰਚਾਇਤ ਆਡੀਟਰ) | ਨਗਰ ਨਿਗਮ , ਜਲੰਧਰ (ਹਫਤੇ ਵਿੱਚ ਇੱਕ ਦਿਨ) | |
| 13. | ਸ੍ਰੀ ਮਨਦੀਪ ਸਿੰਘ , ਜੂਨੀਅਰ ਆਡੀਟਰ | ਪਟਿਆਲਾ ਰਿਜਨ (ਪੰਚਾਇਤ ਆਡੀਟਰ | ਨਗਰ ਨਿਗਮ, ਲੁਧਿਆਣਾ | ਪਟਿਆਲਾ ਰਿਜਨ (ਪੰਚਾਇਤ ਆਡੀਟਰ | ਨਗਰ ਨਿਗਮ/ਨਗਰ ਸੁਧਾਰ ਟਰੱਸਟ , ਲੁਧਿਆਣਾ (ਹਫਤੇ ਵਿੱਚ ਇੱਕ-ਇੱਕ ਦਿਨ) | |
| 14. | ਸ੍ਰੀ ਹਰਮਨਦੀਪ ਸਿੰਘ , ਜੂਨੀਅਰ ਆਡੀਟਰ | ਲੁਧਿਆਣਾ ਰਿਜਨ (ਪੰਚਾਇਤ ਆਡੀਟਰ) | | ਲੁਧਿਆਣਾ ਰਿਜਨ (ਪੰਚਾਇਤ ਆਡੀਟਰ) | ਨਗਰ ਕੌਂਸਲ/ ਨਗਰ ਸੁਧਾਰ ਟਰੱਸਟ, ਖੰਨਾ (ਹਫਤੇ ਵਿੱਚ ਇੱਕ ਦਿਨ) | |
| 15. | ਸ੍ਰੀ ਦਵਿੰਦਰ ਕੁਮਾਰ , ਜੂਨੀਅਰ ਆਡੀਟਰ | ਲੁਧਿਆਣਾ ਰਿਜਨ (ਪੰਚਾਇਤ ਆਡੀਟਰ) | | ਲੁਧਿਆਣਾ ਰਿਜਨ (ਪੰਚਾਇਤ ਆਡੀਟਰ) | ਨਗਰ ਕੌਂਸਲ ,ਨੰਗਲ (ਹਫਤੇ ਵਿੱਚ ਇੱਕ ਦਿਨ) | |
| 16. | ਸ੍ਰੀ ਨਵਦੀਪ ਕੁਮਾਰ ਚੌਧਰੀ , ਜੂਨੀਅਰ ਆਡੀਟਰ | ਅੰਮ੍ਰਿਤਸਰ ਰਿਜਨ (ਪੰਚਾਇਤ ਆਡੀਟਰ) | | ਅੰਮ੍ਰਿਤਸਰ ਰਿਜਨ (ਪੰਚਾਇਤ ਆਡੀਟਰ) | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (ਹਫਤੇ ਵਿੱਚ ਇੱਕ ਦਿਨ) | |

ਉਪਰੋਕਤ ਹੁਕਮ ਮਾਨਯੋਗ ਵਿੱਤ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਕੇ.ਏ.ਪੀ. ਸਿਨਹਾ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਵਿੱਤ ਵਿਭਾਗ।

ਪਿੱਠ ਅੰਕਣ ਨੰ: 1(5)/2020/ 1/107353/2020 ਮਿਤੀ : 23-11-2020

ਇਸ ਦਾ ਇੱਕ ਉਤਾਰਾ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ :-

1. ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ,
2. ਉਪ-ਕੁਲਪਤੀ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ, ਲੁਧਿਆਣਾ।
3. ਚੇਅਰਮੈਨ, ਨਗਰ ਸੁਧਾਰ ਟਰੱਸਟ, ਲੁਧਿਆਣਾ।
4. ਕਾਰਜ ਸਾਧਕ ਅਫਸਰ, ਨਗਰ ਸੁਧਾਰ ਟਰਸਟ, ਖੰਨਾ।
5. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ।
6. ਮੇਅਰ, ਨਗਰ ਨਿਗਮ, ਜਲੰਧਰ।
7. ਕਾਰਜ ਸਾਧਕ ਅਫਸਰ, ਨਗਰ ਕੌਂਸਲ ਖੰਨਾ/ਨੰਗਲ।
8. ਵਧੀਕ ਡਾਇਰੈਕਟਰ, ਖਜਾਨਾ ਤੇ ਲੇਖਾ ਸ਼ਾਖਾ, ਪੰਜਾਬ, ਚੰਡੀਗੜ੍ਹ।
9. ਵਧੀਕ ਡਾਇਰੈਕਟਰ, ਅੰਦਰੂਨੀ ਪੜਤਾਲ ਸੰਸਥਾ (ਮਾਲ), ਚੰਡੀਗੜ੍ਹ।
10. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
11. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
12. ਰਿਜਨਲ ਡਿਪਟੀ ਡਾਇਰੈਕਟਰ (ਲੋਕਲ ਆਡਿਟ), ਅੰਮ੍ਰਿਤਸਰ, ਲੁਧਿਆਣਾ, ਜਲੰਧਰ ਅਤੇ ਪਟਿਆਲਾ।
13. ਸਬੰਧਤ ਅਧਿਕਾਰੀ/ਕਰਮਚਾਰੀ।
14. ਡਰਾਇੰਗ ਐਂਡ ਡਿਸਬਰਸਿੰਗ ਅਫਸਰ, ਮੁੱਖ ਦਫਤਰ।
15. ਈ.ਏ-4/ਪਰਸ-2.
16. ਨਿੱਜੀ ਸਕੱਤਰ ਟੂ ਵਿੱਤ ਮੰਤਰੀ, ਨਿੱਜੀ ਸਕੱਤਰ ਟੂ ਪ੍ਰਮੁੱਖ ਸਕੱਤਰ (ਵਿੱਤ), ਨਿੱਜੀ ਸਹਾਇਕ ਟੂ ਵਿਸ਼ੇਸ਼ ਸਕੱਤਰ ਵਿੱਤ-ਕਮ-ਡਾਇਰੈਕਟਰ, ਖਜਾਨਾ ਤੇ ਲੇਖਾ ।

23/11/2020
ਡਿਪਟੀ ਡਾਇਰੈਕਟਰ
ਵਾ: ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ।

**ਪੰਜਾਬ ਸਰਕਾਰ, ਵਿੱਤ ਵਿਭਾਗ,**
**(ਲੋਕਲ ਆਡਿਟ ਵਿੰਗ)**
**ਵਿੱਤ ਤੇ ਯੋਜਨਾ ਭਵਨ, (ਤੀਜੀ ਮੰਜ਼ਿਲ), ਸੈਕਟਰ-33 ਏ, ਚੰਡੀਗੜ੍ਹ।**

ਵੱਲ:

ਸਮੂਹ,ਡਿਪਟੀ ਕੰਟਰੋਲਰ (ਲੋਕਲ ਆਡਿਟ)/ ਸਹਾਇਕ ਕੰਟਰੋਲਰ (ਲੋਕਲ ਆਡਿਟ)
ਨਗਰ ਨਿਗਮ, ਬਠਿੰਡਾ/ਪਟਿਆਲਾ/
ਲੁਧਿਆਣਾ/ਜਲੰਧਰ/ਅੰਮ੍ਰਿਤਸਰ/ਪਠਾਨਕੋਟ/ਮੋਗਾ/ ਬਟਾਲਾ।
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ/ਪੰਜਾਬੀ ਯੂਨੀਵਰਸਿਟੀ, ਪਟਿਆਲਾ/
ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ/
ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ, ਪਟਿਆਲਾ,
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ/ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ।
ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ/ਲੁਧਿਆਣਾ/ਖੰਨਾ।
ਨਗਰ ਕੌਂਸਲ, ਖੰਨਾ/ ਨੰਗਲ।
ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ, ਚੰਡੀਗੜ੍ਹ।
ਸੀਵਰੇਜ ਸਰਕਲ, ਅੰਮ੍ਰਿਤਸਰ/ਲੁਧਿਆਣਾ/ਪਟਿਆਲਾ/ਬਠਿੰਡਾ/ਜਲੰਧਰ।

ਮੀਮੋ ਨੰ: 1(5)/ 1319
ਮਿਤੀ : 12/04/2021

ਵਿਸ਼ਾ: ਕੋਰਟ ਕੇਸਾਂ ਦੀ ਪ੍ਰਗਤੀ ਸਬੰਧੀ।

ਹਵਾਲਾ: ਇਸ ਦਫਤਰ ਦਾ ਪੱਤਰ ਨੰ: 1(5)2020/33/ਸੀ ਮਿਤੀ 05.08.2020 ਦੇ ਸਬੰਧ ਵਿੱਚ।

2. ਲੋਕਲ ਆਡਿਟ ਵਿਭਾਗ ਵੱਲੋਂ ਕੀਤੀਆ ਜਾਣ ਵਾਲੀਆ ਪ੍ਰੀ-ਆਡਿਟ ਸੰਸਥਾਵਾਂ ਵਿੱਚ ਮਿਤੀ 01.08.2020 ਤੋਂ ਪੋਸਟ ਆਡਿਟ ਪ੍ਰਣਾਲੀ ਲਾਗੂ ਕੀਤੀ ਗਈ ਸੀ।

ਉਪਰੋਕਤ ਫੈਸਲੇ ਦੇ ਮੱਦੇਨਜ਼ਰ ਇਸ ਦਫਤਰ ਵੱਲੋਂ ਹਵਾਲੇ ਅਧੀਨ ਪੱਤਰ ਰਾਹੀਂ ਸਮੂਹ ਸਕੀਮ ਇੰਚਾਰਜਾਂ ਨੂੰ ਆਪਣੇ ਅਧੀਨ ਪੈਂਦੇ ਕੋਰਟ ਕੇਸਾ ਨਾਲ ਸਬੰਧਤ ਸਾਰਾ ਰਿਕਾਰਡ ਅਗਲੀ ਮਿਤੀ ਦਰਸਾਉਂਦੇ ਹੋਏ ਸਬੰਧਤ ਰਿਜਨਲ ਡਿਪਟੀ ਡਾਇਰੈਕਟਰਜ਼ ਨੂੰ ਸੌਂਪਣ ਬਾਰੇ ਲਿਖਿਆ ਗਿਆ ਸੀ।

ਹੁਣ ਕੁਝ ਸੰਸਥਾਵਾਂ ਦੇ ਮੁਖੀਆ ਵੱਲੋਂ ਬਾਰ ਬਾਰ ਕੀਤੀ ਗਈ ਬੇਨਤੀ ਨੂੰ ਵਿਚਾਰਦੇ ਹੋਏ ਕਈ ਸਕੀਮਾਂ ਵਿੱਚ ਮਹੱਤਵਪੂਰਨ ਖਰਚਿਆ ਜਿਵੇਂ ਕਿ ਸੇਵਾ ਨਿਵਿਰਤੀ ਲਾਭ, ਏ.ਸੀ.ਪੀ./ਸਟੈਪ-ਅਪ/ ਪਦ-ਉੱਨਤੀ, ਪ੍ਰੋਜੈਕਟ/ ਮੇਨਟੇਨੈਂਸ/ ਵਿਕਾਸ ਨਾਲ ਸਬੰਧਤ ਕੰਮ ਤੋਂ ਇਲਾਵਾ ਨਵ-ਨਿਯੁਕਤੀਆ ਦੇ ਕੇਸਾ ਲਈ ਪ੍ਰੀ- ਆਡਿਟ ਪ੍ਰਣਾਲੀ ਮੁੜ ਤੋਂ ਬਹਾਲ ਕੀਤੀ ਗਈ ਹੈ।

ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੀਆ ਸਕੀਮਾਂ ਨਾਲ ਸਬੰਧਤ ਕੋਰਟ ਕੇਸ ਜਿਸ ਵਿੱਚ ਉਹ ਪਾਰਟੀ ਹੋਣ ਅਤੇ ਜਿਸ ਦਾ ਰਿਕਾਰਡ ਇਸ ਦਫਤਰ ਦੇ ਪੱਤਰ ਮਿਤੀ 05.08.2020 ਰਾਹੀਂ ਸਬੰਧਤ ਰਿ.ਡਿ.ਡ. ਨੂੰ ਸੌਂਪਿਆਂ ਗਿਆ ਸੀ, ਵਾਪਿਸ ਆਪਣੀ ਸਕੀਮ ਵਿੱਚ ਮੰਗਵਾਇਆ ਜਾਵੇ ਤਾ ਜੋ ਵੱਖ ਵੱਖ ਅਦਾਲਤਾਂ ਵਿੱਚ ਚਲ ਰਹੇ ਕੇਸਾਂ ਦੀ ਮਾਨਿਟਰਿੰਗ/ ਪ੍ਰਗਤੀ ਵਾਚਣ ਉਪਰੰਤ ਲੋੜੀਂਦੀ ਕਾਰਵਾਈ ਪਹਿਲ ਦੇ ਆਧਾਰ ਤੇ ਕੀਤੀ ਜਾਵੇ।

12/4/2021

ਡਿਪਟੀ ਡਾਇਰੈਕਟਰ,
ਵਾਸਤੇ ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ।

ਨੰ: 1(5) ਮਿਤੀ:

ਇਸ ਦਾ ਉਤਾਰਾ ਸਾਰੇ ਰਿਜਨਲ ਡਿਪਟੀ ਡਾਇਰੈਕਟਰਜ਼ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿਨ੍ਹਾਂ ਸਕੀਮਾਂ ਵਿੱਚ ਪ੍ਰੀ-ਆਡਿਟ ਪ੍ਰਣਾਲੀ ਮੁੜ ਤੋਂ ਲਾਗੂ ਕੀਤੀ ਗਈ ਹੈ, ਉਨ੍ਹਾਂ ਸਕੀਮਾਂ ਨਾਲ ਸਬੰਧਤ ਕੋਰਟ ਕੇਸ ਸਬੰਧਤ ਸਕੀਮ ਇੰਚਾਰਜਾਂ ਨੂੰ ਤੁਰੰਤ ਸਪੁਰਦ ਕਰਦੇ ਹੋਏ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।

sd

ਡਿਪਟੀ ਡਾਇਰੈਕਟਰ,
ਵਾਸਤੇ ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ।

ਪੰਜਾਬ ਸਰਕਾਰ, ਵਿੱਤ ਵਿਭਾਗ
(ਸਥਾਨਕ ਫੰਡ ਲੇਖਾ)
ਵਿੱਤ ਤੇ ਯੋਜਨਾ ਭਵਨ, (ਤੀਜੀ ਮੰਜ਼ਿਲ), ਸੈਕਟਰ 33–ਏ, ਚੰਡੀਗੜ੍ਹ।

ਵੱਲ:

ਸਮੂਹ ਸਕੀਮ ਇੰਚਾਰਜ
(ਲੋਕਲ ਆਡਿਟ)

ਮੀਮੋ ਨੰ: 1(5)/J/311316/2022
ਮਿਤੀ: 27/1/22

ਵਿਸ਼ਾ:- 6ਵੇਂ ਪੰਜਾਬ ਤਨਖਾਹ ਕਮਿਸ਼ਨ ਅਨੁਸਾਰ ਪ੍ਰੀ-ਆਡਿਟ ਸਸੰਥਾ ਵੱਲੋਂ ਨਿਰਧਾਰਤ ਤਨਖਾਹ ਵੈਟ ਕਰਨ ਸਬੰਧੀ।

ਵਿਸ਼ੇ ਅਧੀਨ ਮਾਮਲੇ ਸਬੰਧੀ ਜਿਨ੍ਹਾਂ ਪ੍ਰੀ-ਆਡਿਟ ਸੰਸਥਾਵਾਂ ਵਿੱਚ ਪ੍ਰੀ-ਆਡਿਟ ਪ੍ਰਣਾਲੀ ਮੁੜ ਤੋਂ ਬਹਾਲ ਕੀਤੀ ਗਈ ਹੈ, ਉਨ੍ਹਾਂ ਸੰਸਥਾਵਾਂ ਵੱਲੋਂ 6ਵੇਂ ਪੰਜਾਬ ਤਨਖਾਹ ਕਮਿਸ਼ਨ ਅਨੁਸਾਰ ਨਿਰਧਾਰਤ ਕੀਤੀ ਤਨਖਾਹ ਆਡਿਟ ਵਿੱਚ ਵੈਟ ਕਰਨਾ ਯਕੀਨੀ ਬਣਾਇਆ ਜਾਵੇ।

27/1/2022
ਸੰਯੁਕਤ ਡਾਇਰੈਕਟਰ,
ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ।

Scanned with CamScanner